ਪੰਜਾਬ ਸਕੂਲ ਸਿੱਖਿਆ ਬੋਰਡ

(ਓਪਨ ਸਕੂਲ)

ਸੇਵਾ ਵਿਖੇ,

ਪੰਜਾਬ, ਰਾਜ ਦੇ ਸਮੂਹ ਸਕੂਲ ਮੁੱਖੀ,

ਨੰਬਰ :(160745)ਪਸਸਬ/ਓ.ਸ./2023.2555..................ਮਿਤੀ.19-9-2023

ਵਿਸ਼ਾ- ਓਪਨ ਸਕੂਲ ਪ੍ਰਣਾਲੀ ਦੀ ਸਿੱਖਿਆ ਬਾਰੇ ਜਾਗਰੂਕ ਕਰਨ ਬਾਰੇ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰੈਗੂਲਰ ਪੜਾਈ ਤੋਂ ਵਾਂਝੇ ਰਹੇ ਵਿਦਿਆਰਥੀਆਂ ਨੂੰ ਓਪਨ ਸਕੂਲ ਸਿੱਖਿਆ ਪ੍ਰਣਾਲੀ ਰਾਹੀਂ ਦਿਸ਼ਾ ਪ੍ਰਦਾਨ ਕੀਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਸਿੱਖਿਆ ਦੇ ਮੌਕੇ ਦੇਣ ਲਈ ਬੋਰਡ ਵੱਲੋਂ ਪੰਜਾਬ ਰਾਜ ਦੇ ਐਫੀਲੀਏਟਡ ਸਕੂਲਾਂ ਨੂੰ ਓਪਨ ਸਕੂਲ ਪ੍ਰਣਾਲੀ ਦੀ ਸਿੱਖਿਆ ਬਾਰੇ ਜਾਗਰੂਕ ਕਰਨ ਸਬੰਧੀ ਨਾਲ ਨੱਥੀ ਕਾਪੀ ਅਨੁਸਾਰ ਬੈਨਰ ਬਣਾਕੇ ਸਕੂਲ ਦੇ ਗੇਟ ਤੇ ਲਗਾਉਣ ਲਈ ਹਦਾਇਤ ਕੀਤੀ ਜਾਂਦੀ ਹੈ ਤਾਂ ਜੋ ਓਪਨ ਸਕੂਲ ਪ੍ਰਣਾਲੀ ਅਧੀਨ ਸਿੱਖਿਆ ਸਬੰਧੀ ਯੋਗ ਉਮੀਦਵਾਰ ਦਾਖਲਾ ਲੈਕੇ ਇਸ ਸਹੂਲਤ ਦਾ ਲਾਭ ਪ੍ਰਾਪਤ ਕਰ ਸਕਣ ਜੀ।

ਦਾਖਲਾ ਲੈਣ ਸਬੰਧੀ ਹਦਾਇਤਾ ਦੀ ਕਾਪੀ ਨੱਥੀ ।

19/9/2023

ਇੰਚਾਰਜ (ਓਪਨ ਸਕੂਲ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ

(ਓਪਨ ਸਕੂਲ ਸਿੱਖਿਆ ਪ੍ਰਣਾਲੀ)

ਓਪਨ ਸਕੂਲ ਪ੍ਰਣਾਲੀ ਬੋਰਡ ਦਾ ਇੱਕ ਅਹਿਮ ਉਪਰਾਲਾ ਹੈ। ਜਿਸ ਅਧੀਨ ਰਸਮੀ ਸਿੱਖਿਆ ਪ੍ਰਣਾਲੀ ਤੋਂ ਵਾਂਝੇ ਜਿਵੇ ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ, ਕਾਰਖਾਨਿਆਂ ਵਿੱਚ ਕੰਮ ਕਰਦੇ ਮਜ਼ਦੂਰ ਫੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ, ਖੇਤੀ-ਬਾੜੀ ਕਰਦੇ ਕਿਸਾਨ, ਨੌਕਰੀ ਸ਼ੁਦਾ ਲੜਕੇ ਅਤੇ ਲੜਕੀਆਂ, ਦੂਰ ਦੁਰਾਡੇ ਰਹਿੰਦੇ ਲੋਕ, ਦਿਵਿਆਂਗ (ਵਿਲੱਖਣ ਸਮਰੱਥਾ) ਵਾਲੇ ਵਿਦਿਆਰਥੀ ਜਿਹੜੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ, ਸਿੱਧੇ ਤੌਰ ਤੇ ਮੈਟ੍ਰਿਕੁਲੇਸ਼ਨ ਅਤੇ ਬਾਰ੍ਹਵੀ ਸ਼੍ਰੇਣੀ ਵਿੱਚ ਦਾਖਲਾ ਲੈ ਸਕਦੇ ਹਨ। ਓਪਨ ਸਕੂਲ ਪ੍ਰਣਾਲੀ ਰਾਹੀਂ ਪੜਾਈ ਲਈ ਵਿਸ਼ੇਸ਼ਤਾਵਾਂ ਹੇਠ ਦਰਜ ਅਨੁਸਾਰ ਹਨ।

1. ਓਪਨ ਸਕੂਲ ਪ੍ਰਣਾਲੀ ਅਧੀਨ ਪ੍ਰਾਪਤ ਸਰਟੀਫਿਕੇਟ ਨੂੰ ਰੈਗੂਲਰ ਵਿਦਿਆਰਥੀਆਂ ਦੇ ਬਰਾਬਰ ਸਰਟੀਫਿਕੇਟ ਦੀ ਮਾਨਤਾ ਹੈ।
2. ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ ਦਾਖਲਾ ਲੈਣ ਵਾਲੇ ਸਾਲ 31 ਮਾਰਚ ਨੂੰ 14 ਸਾਲ ਦੀ ਉਮਰ ਪੂਰੀ ਕਰਨ ਵਾਲਾ ਕੋਈ ਵੀ ਉਮੀਦਵਾਰ ਦਾਖਲਾ ਲੈਣ ਦੇ ਯੋਗ ਹੈ।

   ਜਾਂ

   ਮੈਟ੍ਰਿਕੁਲੇਸ਼ਨ ਕੋਰਸ ਵਿੱਚ ਦਾਖਲਾ ਲੈਣ ਸਮੇ ਮਿਡਲ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰਖਦਾ ਹੋਵੇ।
3. ਬਾਰ੍ਹਵੀ ਸ਼੍ਰੇਣੀ ਲਈ ਪੰਜਾਬ ਸਕੂਲ ਸਿਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਮੈਟ੍ਰਿਕੁਲੇਸ਼ਨ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖਲਾ ਲੈਣ ਸਮੇਂ ਮੈਟ੍ਰਿਕੁਲੇਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ, ਦਾਖਲਾ ਲੈਣ ਦੇ ਯੋਗ ਹੈ।

   (ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਦੇ ਪ੍ਰਾਸਪੈਕਟਸ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਹਨ। )

4. ਵਿਦਿਆਰਥੀਆਂ ਨੂੰ ਆਪਣਾ ਸਿੱਧਾ ਦਾਖਲਾ ਆਨ-ਲਾਈਨ ਪੋਰਟਲ ਰਾਹੀਂ, ਐਕਰੀਡਿਟੇਡਿਟ ਅਧਿਐਨ ਕੇਂਦਰਾਂ ਰਾਹੀਂ ਅਤੇ ਬੋਰਡ ਦੇ ਖੇਤਰੀ ਦਫਤਰਾਂ ਰਾਹੀਂ ਦਾਖਲਾ ਲੈਣ ਦੀ ਸਹੂਲਤ ਦਿੱਤੀ ਗਈ ਹੈ।
5. ਪੜਾਈ ਲਈ ਤਿੰਨ ਅਧਿਐਨ ਕੇਂਦਰ(study centre) ਭਰਨ ਦੀ ਸੁਵਿਧਾ ਹੈ। ਜਿਨਾਂ ਵਿੱਚੋਂ ਇੱਕ ਅਧਿਐਨ ਕੇਂਦਰ ਅਲਾਟ ਕੀਤਾ ਜਾਂਦਾ ਹੈ।
6. ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਲਈ ਅਕਾਦਮਿਕ ਸਾਲ 2023-24 ਲਈ ਬਿਨਾਂ ਲੇਟ ਫੀਸ ਮਿਤੀ 23-10-2023 ਅਤੇ ਲੇਟ ਫੀਸ ਨਾਲ 07-12-2023 ਤੱਕ ਦਾਖਲਾ ਲਿਆ ਜਾ ਸਕਦਾ ਹੈ।
7. ਪ੍ਰੀਖਿਆ ਪਾਸ ਕਰਨ ਲਈ ਸੱਤ ਮੌਕਿਆ ਦੀ ਸੁਵਿਧਾ ਦਿੱਤੀ ਗਈ ਹੈ।
8. ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲ ਦੇ ਫੇਲ ਵਿਦਿਆਰਥੀਆਂ ਲਈ ਦਾਖਲੇ ਦੇ ਸਾਲ ਤੋਂ ਪੰਜ ਸਾਲ ਤੱਕ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਕਰੈਡਿਟ ਕੈਰੀ ਦੀ ਸੁਵਿਧਾ ਹੈ।
9. ਸਾਲ ਵਿੱਚ ਦੋ ਵਾਰ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਰਾਹੀਂ ਪੜ੍ਹਾਈ ਕਰਨ ਦੀ ਸੁਵਿਧਾ ਹੈ।
10. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੀ ਰੈਗੂਲਰ ਵਿਦਿਆਰਥੀਆਂ ਵਾਲਾ ਪਾਠ-ਕ੍ਰਮ ਲਾਗੂ ਹੈ।
11. ਵਧੇਰੇ ਜਾਣਕਾਰੀ ਲਈ ਓਪਨ ਸਕੂਲ ਦੇ E-mail-openschool.pseb@punjab.gov.in ਅਤੇ ਫੋਨ ਨੰਬਰ- 0172-5227197, 196 ਤੇ ਸੰਪਰਕ ਕੀਤਾ ਜਾ ਸਕਦਾ ਹੈ।

11/9/2023

ਇੰਚਾਰਜ (ਓਪਨ ਸਕੂਲ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।